# ਇਹ ਲਹੂ ਕਿਸ ਦਾ ਹੈ

(**ਗੁਰਦਿਆਲ ਸਿੰਘ ਫੁੱਲ** ਦੇ ਨਾਟਕ ਦਾ ਛੋਟਾ ਤੇ ਪ੍ਰਸਿੱਧ ਰੂਪ)

ਮੰਚ ਦੇ ਪਿਛੋਂ ਐਲਾਨ–ਸੁਣੋ ਸੁਣੋ ਸੁਣੋ ਸੈਦਪੁਰ ਨਿਵਾਸਿਉ ਸੁਣੋ, ਅੱਜ ਮਹਾਂਦਾਨੀ, ਮਹਾਂ ਕਲਿਆਨੀ, ਦਾਨ ਵੀਰ ਮਲਕ ਭਾਗੋ ਆਪਣੇ ਪਿਤਾ ਦਾ ਸਰਾਧ ਕਰ ਰਹੇ ਹਨ, ਨਗਰ ਦੇ ਸਾਰੇ ਤਪੱਸਵੀਆਂ, ਸੰਤਾਂ, ਸਾਧੂਆਂ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਉਹ ਇਸ ਬ੍ਰਹਮ ਭੋਜ ਵਿਚ ਪੁੱਜ ਕੇ ਬ੍ਰਹਮ ਭੋਜ ਸਫ਼ਲ ਬਣਾਉਣ। ਪਤਾ ਲੱਗਾ ਹੈ ਕਿ ਕੁਝ ਲੋਕ ਨਾਨਕ ਤਪੇ ਦੇ ਚੁੱਕੇ ਚੁਕਾਏ ਬ੍ਰਹਮ ਭੋਜ ਦੇ ਵਿਰੁੱਧ ਬੋਲ ਰਹੇ ਨੇ–ਉਨ੍ਹਾਂ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ ਕਿ ਜੇਕਰ ਉਹ ਆਪਣੀਆਂ ਹਰਕਤਾਂ ਤੋਂ ਬਾਜ ਨਾ ਆਏ ਤਾਂ ਉਹਨ੍ਹਾਂ ਨੂੰ ਵੱਡੀ ਤੋਂ ਵੱਡੀ ਸਜ਼ਾ ਦਿੱਤੀ ਜਾਵੇਗੀ।

ਸਿਪਾਹੀ : (ਮੰਚ 'ਤੇ ਆਉਂਦੇ) ਸੁਣੋ ਸੁਣੋ ਸੁਣੋ ਸੈਦਪੁਰ ਨਿਵਾਸਿਓ! ਸੁਣੋ, ਅੱਜ ਮਲਕ ਭਾਗੋ ਆਪਣੇ ਪਿਤਾ ਦਾ ਸਰਾਧ ਕਰ ਰਹੇ ਹਨ। ਨਗਰ ਦੇ ਸਾਰੇ ਗੁਣੀ ਗਿਆਨੀ, ਇਸ ਬ੍ਰਹਮ ਭੋਜ 'ਤੇ ਪੁੱਜ ਕੇ ਬ੍ਰਹਮ ਭੋਜ ਨੂੰ ਸਫ਼ਲ ਬਣਾਉਣ।(ਢੰਡੋਰਾ ਦੇਂਦਾ ਹੋਇਆ ਮੰਚ ਤੋਂ ਬਾਹਰ ਚਲਾ ਜਾਂਦਾ ਹੈ। ਦੂਜੇ ਪਾਸੇ ਤੋਂ ਡੂਮ (ਭੰਡ ਆਉਂਦੇ ਨੇ)

ਪੁੱਤ : ਓਏ ਤਾਊ

ਪਿਓ : ਹਾਂ ਪੁੱਤ

ਪੁੱਤ : ਇਥੇ ਬੜੀਆਂ ਰੌਣਕਾਂ ਨੇ

ਪਿਓ : ਲਗਦਾ ਏ ਕੋਈ ਵਿਆਹ ਏ

ਪੁੱਤ : ਮੈਨੂੰ ਤਾਂ ਲਗਦਾ ਕਿਸੇ ਨਵਾਬ ਨੇ ਆਉਣਾ, ਦੇਖ ਕਿਸ ਤਰ੍ਹਾਂ ਝੰਡੀਆਂ ਲੱਗੀਆਂ ਨੇ ਬੱਲੇ ਬੱਲੇ

ਪਿਓ : ਨਵਾਬ ਵੀ ਕੋਈ ਵੱਡੇ ਲਾਹੌਰ ਦਾ ਹੋਣਾ ਏ, ਫਲੂਸ ਵੀ ਲੱਗੇ ਨੇ,

ਪੁੱਤ : ਕੇਸਰੀ ਹਲਵੇ ਦੀ ਖ਼ੁਸ਼ਬੂ ਪਈ ਆਉਂਦੀ ਏ

ਪਿਓ : ਸਭ ਮਾਇਆ ਦੀ ਖੇਡ ਏ

ਪੁੱਤ : ਕੀ ਬਾਪੂ ਹਰ ਵੇਲੇ ਮਾਇਆ, ਮਾਇਆ ਕਰਦਾ ਰਹਿੰਦਾ ਏ, ਮਾਇਆ ਕਿਸੇ ਨੇ ਹਿੱਕ 'ਤੇ ਰੱਖ ਕੇ ਲੈ ਜਾਣੀ ਐ, ਸਿਆਣੇ ਕਹਿ ਗਏ, ਮਾਇਆ ਖਾਕ ਦੀ ਢੇਰੀ

ਇਕੱਠੇ : ਬੰਦਿਆਂ ਨਾ ਤੇਰੀ ਨਾ ਮੇਰੀ

*(ਸਿਪਾਹੀ ਆਉਂਦਾ ਹੈ)*

ਸਿਪਾਹੀ : ਓਏ ਤੁਸੀਂ ਕੀ ਸਵੇਰੇ ਸਵੇਰੇ ਆ ਕੇ ਖਾਕ ਦੀਆਂ ਗੱਲਾਂ ਕਰਨ ਲੱਗ ਪਏ ਓ। ਤੁਹਾਨੂੰ ਸ਼ਰਮ ਨਹੀਂ ਆਉਂਦੀ ?

ਪੁੱਤ : ਲੈ ਸ਼ਰਮ ਸਾਡੇ ਗਰੀਬਾਂ 'ਚ ਆ ਕੇ ਖਾਊ ਕੀ।

ਪਿਓ : ਨਾਲ ਸਾਡੇ ਪਿਓ ਤੇ ਪੁੱਤ 'ਚ ਕਾਹਦੀ ਸ਼ਰਮ

ਸਿਪਾਹੀ : (ਪੁੱਤ ਨੂੰ) ਓਏ ਇਹ ਤੇਰਾ ਪਿਓ ਏ ?

ਪੁੱਤ : ਇਹ ਤਾਂ ਮੈਨੂੰ ਪਤਾ ਨਹੀਂ ਕਿ ਮੇਰਾ ਇਹ ਪਿਓ ਏ ਕਿ ਨਹੀਂ ਪਰ ਇਹਦੀ ਵਹੁਟੀ ਮੇਰੀ ਮਾਂ ਜ਼ਰੂਰ ਲਗਦੀ ਏ

ਸਿਪਾਹੀ : ਓਏ ਕੀ ਬਕਦਾ ਏਂ

ਪੁੱਤ : ਠੀਕ ਈ ਬਕਦਾ ਵਾਂ, ਪਿਓ ਦਾ ਕੀ ਭਰੋਸਾ, ਜਿਹੜਾ ਤੁਹਾਡਾ ਹੈ, ਉਹ ਹੈ ਵੀ ਕਿ ਨਹੀਂ, ਸਿਆਣੇ ਕਹਿ ਗਏ, ਸੌਂਹ ਖਾਈਏ ਜੀ ਦੀ, ਨਾ ਪੁੱਤ ਦੀ ਨਾ ਧੀ ਦੀ।

ਇੱਕਠੇ : ਮਹਾਰਾਜ ਤੈਨੂੰ ਰਾਜ਼ੀ ਰੱਖੇ

ਸਿਪਾਹੀ : ਅੱਛਾ ਅੱਛਾ ਹੁਣ ਰੌਲਾ ਨਾ ਪਾਓ। ਹੁਣ ਖਾਕ ਦੀ ਗੱਲ ਕੀਤੀ ਤਾਂ ਮੇਰੇ ਨਾਲੋਂ ਬੁਰਾ ਕੋਈ ਨਹੀਂ ਹੋਏਗਾ।

ਪੁੱਤ : ਲੈ ਜਜਮਾਨਾਂ ਖਾਕ ਦੀ ਗਲ ਕਰਨੀ ਮਾੜੀ ਏ, ਵੇਖ ਫਰੀਦ ਜੀ ਕਿੱਡਾ ਠਾਹ ਕਰਦਾ ਸਲੋਕ ਮਾਰ ਗਏ ਨੇ

ਪਿਓ : ਫਰੀਦਾ ਖਾਕ ਨਾ ਨਿੰਦੀਏ ਖਾਕੂ ਜੇਡ ਨਾ ਕੋਏ ਜੀਦਿਆਂ ਪੈਰਾਂ ਥੱਲੇ...

ਇਕੱਠੇ : ਤੇ ਮੋਇਆਂ ਉਪਰ ਹੋਏ, ਮਹਾਰਾਜ ਤੈਨੂੰ ਰਾਜ਼ੀ ਰਖੇ

ਸਿਪਾਹੀ : ਉਏ ਰੌਲਾ ਨਾ ਪਾਓ ਚਲੋ ਬਾਹਰ ਜਾਓ

ਪਿਓ : ਚਲੇ ਜਾਨੇ ਆਂ, ਚਲੇ ਜਾਨੇ ਆਂ, ਪਹਿਲਾਂ ਇਹ ਤਾਂ ਦੱਸ ਕਿ ਇਥੇ ਰੌਣਕਾਂ ਕਾਹਦੀਆਂ ਲੱਗੀਆਂ ਨੇ, ਕੋਈ ਵਿਆਹ ਏ ਕਿ ਕੋਈ ਦਰਬਾਰ ਲੱਗਾ ਏ।

ਸਿਪਾਹੀ : ਨਾ ਕੋਈ ਵਿਆਹ ਏ ਤੇ ਨਾ ਕੋਈ ਦਰਬਾਰ ਏ

ਪੁੱਤ : ਤੇ ਫੇਰ ਆ ਲੋਕ ਕੀੜਿਆਂ ਕਾਢਿਆਂ ਵਾਂਗੂ ਇਕਠੇ ਕਾਹਤੋ ਕੀਤੇ ਆ

ਸਿਪਾਹੀ : ਓਏ ਅੱਜ ਮਲਕ ਭਾਗ ਦੇ ਪਿਤਾ ਦਾ ਸਰਾਧ ਏ।

ਪਿਓ : ਹਲਾ, ਤਾਂ ਮੋਇਆਂ ਦੀਆਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਨੇ, ਭਾਗ ਲੱਗੇ ਰਹਿਣ।

ਪੁੱਤ : ਰੱਬ ਤੁਹਾਡੇ ਮੋਇਆਂ 'ਚ ਵਾਧਾ ਕਰੇ।

ਪਿਓ : ਤੁਹਾਡੇ ਇਸੇ ਤਰ੍ਹਾਂ ਮਰਦੇ ਰਹਿਣ ਤੇ ਸਾਡੀ ਚੁੰਜ ਹਰੀ ਰਹੇ।

ਪੁੱਤ : ਅਗਲੇ ਸਾਲ ਤੇਰਾ ਪੁਤ ਵੀ ਇਸੇ ਤਰ੍ਹਾਂ ਸਰਾਧ ਕਰੇ।

ਸਿਪਾਹੀ : ਓਏ ਪਹਿਲਾਂ ਖਾਕ ਦੀਆਂ ਗੱਲਾਂ ਕਰਦੇ ਸੀ ਤੇ ਹੁਣ ਮੋਇਆਂ ਦੀਆਂ ਗੱਲਾਂ ਸ਼ੁਰੂ ਕਰ ਦਿੱਤੀਆਂ ਨੇ।

ਪਿਓ : ਲੈ ਮੋਇਆਂ ਦੀ ਗਲ ਤੇ ਕਾਹਤੋਂ ਚਿੜਦਾ ਏਂ

ਪੁੱਤ : ਇਕ ਪਾਸੇ ਮੋਇਆਂ ਦੀ ਖੁਸ਼ੀ ਮਨਾਉਂਦੇ ਹੋ ਤੇ ਇਕ ਪਾਸੇ ਚਿੜਦੇ ਹੋ। ਰੱਬ ਕਰੇ ਤੁਹਾਡੇ ਇਸੇ ਤਰ੍ਹਾਂ ਸਰਾਧ ਹੁੰਦੇ ਰਹਿਣ, ਕਬੀਰ ਜੀ ਕਿੱਡਾ ਠਾਹ ਕਰਦਾ ਸਲੋਕ ਮਾਰ ਗਏ ਨੇ।

ਪਿਓ : ਕਬੀਰਾ ਜਿਸ ਮਰਨੇ ਸੇ ਜਗ ਡਰੇ। ਮੇਰੇ ਮੰਨ ਆਨੰਦ-ਮਰਨੇ ਤੇ ਹੀ ਪਾਈਏ...

ਇਕੱਠੇ : ਪੂਰਨ ਪਰਮਾ ਨੰਦ, ਮਹਾਰਾਜ ਤੈਨੂੰ ਰਾਜੀ ਰੱਖੇ

ਸਿਪਾਹੀ : ਓਏ ਮਗਰ ਈ ਪੈ ਗਏ ਜੇ, ਜਾਓ ਬਾਹਰ ਨਿਕਲੋ।

ਪਿਓ : ਚਲੇ ਜਾਨੇ ਆਂ ਜਜਮਾਨਾਂ, ਪਹਿਲਾਂ ਸਾਨੂੰ ਕੁਝ ਖਾਣ ਨੂੰ ਦੇ।

ਸਿਪਾਹੀ : ਓਏ ਤੁਹਾਨੂੰ ਪਹਿਲੇ ਕਿਸ ਤਰ੍ਹਾਂ ਦੇ ਦਈਏ, ਪਹਿਲਾਂ ਪੰਡਿਤ ਪਰੋਹਤ ਤਾਂ ਭੋਗ ਲਾ ਲੈਣ।

ਪਿਓ : ਲੈ ਅਸਾਂ ਖਾਣਾ ਥੋੜਾ ਏ।

ਪੁੱਤ : ਅਸਾਂ ਤਾਂ ਲੂਣ ਚੱਖਣਾ ਏ ਲੂਣ।

ਸਿਪਾਹੀ : ਕਿਉਂ ਤੁਸੀਂ ਢਿੱਡ ਨੂੰ ਗੰਢ ਬੰਨੀ ਏ।

ਪਿਓ : ਗੰਢ ਤਾਂ ਨਹੀਂ ਬੰਨੀ ਪਰ ਪਤਾ ਲਗ ਜੂ ਕਿ ਤੁਹਾਡੇ ਭੋਜਨ ਵਿਚ ਕੋਈ ਖੋਟ ਤਾਂ ਨਹੀਂ।

ਪੁੱਤ : ਕੋਈ ਜ਼ਹਿਰ ਤਾਂ ਨਹੀਂ ਰਲਿਆ।

ਸਿਪਾਹੀ : ਕੋਈ ਜ਼ਹਿਰ ਨਹੀਂ ਕੋਈ ਖੋਟ ਨਹੀਂ

ਪਿਓ : ਖੋਟ ਰਲ ਜਾਂਦੈ

ਪੁੱਤ : ਜ਼ਹਿਰ ਰਲ ਜਾਂਦੈ

ਪਿਓ : ਤੁਹਾਡੀ ਸਮੱਗਰੀ ਆਈ ਉਹ, ਵੱਡੇ ਘਰੋਂ।

ਪੁੱਤ : ਉਹ ਵੱਡੇ ਘਰੋਂ

ਪਿਓ : ਉਹ ਅਮੀਰ ਘਰੋਂ

ਪੁੱਤ : ਉਹ ਗਰੀਬ ਘਰੋਂ

ਪਿਓ : ਉਹ ਉਚੇ ਪਿੰਡੋਂ

ਪੁੱਤ : ਉਹ ਨੀਵੇਂ ਪਿੰਡੋਂ

ਪਿਓ : ਫਲਾਣੇ ਘਰੋਂ

ਪੁੱਤ : ਢੀਂਗੜੇ ਘਰੋਂ

ਪਿਓ : ਜ਼ਹਿਰ ਤਾਂ ਰਲ ਈ ਜਾਂਦਾ ਏ

ਪੁੱਤ : ਖੋਟ ਤਾਂ ਰਲ ਈ ਜਾਂਦਾ ਏ
ਸਿਪਾਹੀ : ਓਏ ਕੀ ਬਕਦਾ ਏ
ਪਿਓ : ਪੁਤ ਲਗਦਾ ਏ ਸਾਡੀ ਗਲ ਨਹੀਂ ਸਮਝਿਆ
ਪੁੱਤ : ਲੈ ਫਿਰ ਸਮਝਾ ਦੇ
ਪਿਓ : ਦੇਖ ਜਜਮਾਨਾਂ... ਤੁਹਾਡਾ ਭੋਜਨ ਖਾ ਕੇ ਕੋਈ ਇਕ ਅੱਧਾ ਡੂਮ ਮਰ ਜਾਏ ਤਾਂ ਕੋਈ ਫਰਕ ਨਹੀਂ ਪੈਣਾ
ਪੁੱਤ : ਪਰ ਪੰਡਿਤ ਪਰੋਹਿਤ ਨਹੀਂ ਮਰਨੇ ਚਾਹੀਦੇ, ਉਹਨਾਂ ਦੀ ਬਾਹਲੀ ਲੋੜ ਆ, ਕਿਉਂ ਤਾਊ, ਮਾਲ ਪੂੜਾ ਖਾ ਕੇ ਪਹਿਲਾ ਮੈਂ ਹੀ ਨਾ ਮਰ ਜਾਵਾਂ ?
ਪਿਓ ਨਾ ਪੁੱਤ-ਸੁੱਖੀ ਸਾਂਦੀ ਤੂੰ ਕਿਉਂ ਮਰੇਂ, ਤੇਰਾ ਤਾਂ ਹਾਲੇ ਮੈਂ ਵਿਆਹ ਕਰਨੈ, ਪਹਿਲਾਂ ਮੈਂ ਖਾ ਕੇ ਮਰਦਾ-ਦੇ ਜਜਮਾਨਾ
ਪੁੱਤ : ਨਹੀਂ ਤਾਊ, ਪਹਿਲਾਂ ਮੈਂ ਮਰਦਾ।

*(ਉਹ ਦੋਵੇਂ ਝਗੜਨ ਲਗ ਪੈਂਦੇ ਹਨ)*

ਸਿਪਾਹੀ : ਉਏ ਬਾਹਰ ਜਾ ਕੇ ਲੜੋ ਤੇ ਫੈਸਲਾ ਕਰੋ ਕਿ ਪਹਿਲਾਂ ਕਿਸਨੇ ਮਰਨਾ, ਕਿਵੇਂ ਚਲੇ ਆਉਂਦੇ ਕੀੜਿਆਂ ਕਾਢਿਆਂ ਵਾਂਗ ਸੁੰਘ ਕੇ
ਪੁੱਤ : ਅਸੀਂ ਇਥੇ ਹੀ ਬਹਿ ਕੇ ਫੈਸਲਾ ਕਰ ਲੈਨੇ ਆਂ, ਚਲ ਤਾਊ, ਪਹਿਲਾਂ ਤੂੰ ਮਰ ਜਾ।
ਪਿਓ : ਅੱਛਾ ਮੈਂ ਹੀ ਮਰ ਜਾਨਾ। ਸੁੱਟ ਜਜਮਾਨਾ ਮਾਲ ਪੂੜਾ।
ਸਿਪਾਹੀ : ਓਏ ਬਾਹਰ ਜਾ ਕੇ ਬੈਠੋ, ਹੁਣੇ ਮਲਕ ਸਾਹਿਬ ਆ ਰਹੇ ਨੇ ਉਨਾਂ ਮੈਨੂੰ ਵੀ ਮਾਰਨੈ ਤੇ ਤੁਹਾਨੂੰ ਵੀ ਜੁੱਤੀਆਂ ਮਾਰਨੀਆਂ ਨੇ-ਅੱਗੇ ਹੀ ਉਹ ਬੜੇ ਖ਼ਫ਼ਾ ਨੇ।
ਪਿਓ : ਜਜਮਾਨਾ ਗਲ ਮਾਲ ਪੂੜੇ ਦੀ ਕਰ, ਕਿਉਂ ਸਵੇਰੇ ਸਵੇਰੇ ਜੁੱਤੀਆਂ ਦੀ ਗਲ ਛੇੜ ਦਿੱਤੀ ਆ। (ਮਲਿਕ ਸਾਹਿਬ ਆਉਂਦੇ ਹਨ)
ਪਿਓ : ਭਾਗ ਲੱਗੇ ਰਹਿਣ
ਪੁੱਤ : ਤੇਰੇ ਪਘੂੰੜਿਆਂ ਨੂੰ ਭਾਗ ਲੱਗੇ ਰਹਿਣ।
ਪਿਓ : ਤੇਰੇ ਦੋਹਤੇ ਪੋਤੇ ਜੀਣ।
ਮਲਿਕ : ਓਏ ਰੋਲਾ ਨਾ ਪਾਓ, ਚਲੋ ਬਾਹਰ।
ਸਿਪਾਹੀ : (ਪਿਛੇ ਪਿਛੇ) ਓਏ ਰੋਲਾ ਨਾ ਪਾਓ ਚਲੋ ਬਾਹਰ।
ਪਿਓ : ਚਲੇ ਜਾਂਦੇ ਹਾਂ, ਪਹਿਲਾਂ ਸਾਨੂੰ ਕੁਛ ਖਾਣ ਨੂੰ ਤਾਂ ਦੇ।
ਮਲਿਕ : ਮਿਲ ਜਾਂਦੈ ਮਿਲ ਜਾਂਦੈ, ਚਲੋ ਬਾਹਰ
ਸਿਪਾਹੀ : ਮਿਲ ਜਾਂਦੈ ਮਿਲ ਜਾਂਦੈ, ਚਲੋ ਬਾਹਰ
ਪੁੱਤ : ਹੁਣ ਤਾਂ ਸਾਡੇ ਢਿੱਡ 'ਚ ਚੂਹੇ ਵੀ ਨੱਚਣ ਲੱਗ ਪਏ ਨੇ

ਮਲਿਕ : ਓਏ ਜੇ ਚੂਹੇ ਨੱਚਣ ਲੱਗ ਪਏ ਨੇ ਤੇ ਹੁਣੇ ਬੰਦ ਹੋ ਜਾਂਦੇ ਨੇ... ਚਲੋ ਬਾਹਰ।

ਸਿਪਾਹੀ : ਓਏ ਜੇ ਚੂਹੇ ਨੱਚਣ ਲੱਗ ਪਏ ਨੇ ਤੇ ਹੁਣੇ ਬੰਦ ਹੋ ਜਾਂਦੇ ਨੇ... ਚਲੋ ਬਾਹਰ।

ਪਿਓ : ਹੁਣ ਤਾਂ ਬੋਲ ਬੋਲ ਕੇ ਸੰਘ ਵੀ ਬਹਿ ਗਿਆ ਏ।

ਮਲਿਕ : ਜੇ ਸੰਘ ਬਹਿ ਗਿਆ ਤਾਂ ਹੁਣੇ ਚੰਗਾ ਭਲਾ ਹੋ ਜਾਂਦੈ-ਚਲੋ ਬਾਹਰ।

ਸਿਪਾਹੀ : ਜੇ ਸੰਘ ਬਹਿ ਗਿਆ ਤਾਂ ਹੁਣੇ ਚੰਗਾ ਭਲਾ ਹੋ ਜਾਂਦੈ-ਚਲੋ ਬਾਹਰ।

ਪੁੱਤ : ਅੱਜ ਤਾਂ ਪਿੰਡ ਵਾਲੇ ਕਹਿੰਦੇ ਸਨ, ਸਭ ਕੁਝ ਮਲਿਕ ਹੀ ਹੂੰਝ ਕੇ ਲੈ ਗਿਆ।

ਮਲਿਕ : ਜੇ ਇਥੇ ਆ ਗਿਆ ਏ ਤਾਂ ਤੁਹਾਨੂੰ ਵੀ ਮਿਲ ਜਾਵੇਗਾ-ਚਲੋ ਬਾਹਰ

ਸਿਪਾਹੀ : ਜੇ ਇਥੇ ਆ ਗਿਆ ਏ ਤਾਂ ਤੁਹਾਨੂੰ ਵੀ ਮਿਲ ਜਾਵੇਗਾ-ਚਲੋ ਬਾਹਰ

ਪੁੱਤ : ਜਜਮਾਨਾਂ ਮੈਂ ਤੈਨੂੰ ਇਕ ਗੱਲ ਪੁੱਛਾਂ?

ਮਲਿਕ : ਪੁੱਛ...

ਸਿਪਾਹੀ : ਪੁੱਛ...

ਪੁੱਤ : ਸਾਨੂੰ ਤੇਰਾ ਤਾਂ ਹੁਕਮ ਵਾਹਵਾ ਸੁਣਦੈ... ਪਰ ਇਹ ਕੀ ਪੂਛ ਜੀ ਮਗਰ ਲਾਈ ਆ।

ਮਲਿਕ : ਉਹ ਜੋ ਵੀ ਲਾਈ ਏ ਠੀਕ ਲਾਈ ਏ... ਤੁਸੀਂ ਚਲੋ ਬਾਹਰ।

ਸਿਪਾਹੀ : ਉਹ ਜੋ ਵੀ ਲਾਈ ਏ ਠੀਕ ਲਾਈ ਏ... ਤੁਸੀਂ ਚਲੋ ਬਾਹਰ।

ਪਿਓ : ਓਏ ਪੁਤ ਇਹ ਪੂਛ ਨੀਂ.. ਇਹ ਵੱਡੀ ਸਰਕਾਰ ਦਾ ਹੁਕਮ ਅੱਗੇ ਛੋਟੀ ਸਰਕਾਰ ਪਈ ਸੁਣਾਉਂਦੀ ਏ।

ਪੁੱਤ : ਹਲਾ ਤਾਊ ਫਿਰ ਤੂੰ ਬਣ ਜਾ ਵੱਡੀ ਸਰਕਾਰ ਤੇ ਮੈਂ ਬਣ ਜਾਨਾਂ ਛੋਟੀ ਸਰਕਾਰ, ਮੈਨੂੰ ਹੁਕਮ ਸੁਣਾਈ ਜਾ ਮੈਂ ਅੱਗੇ ਸੁਣਾਈ ਜਾਨਾਂ।

ਪਿਓ : ਲੈ ਫਿਰ ਹੋ ਜਾ ਤਿਆਰ... ਤੈਨੂੰ ਭਾਗ ਲੱਗੇ ਰਹਿਣ।

ਪੁੱਤ : ਲੈ ਫਿਰ ਹੋ ਜਾ ਤਿਆਰ... ਤੈਨੂੰ ਭਾਗ ਲੱਗੇ ਰਹਿਣ।

ਪਿਓ : ਤੇਰੀਆਂ ਮਹਿਲ ਮਾੜੀਆਂ ਉਚੀਆਂ ਹੁੰਦੀਆਂ ਰਹਿਣ

ਪੁੱਤ : ਤੇਰੀਆਂ ਮਹਿਲ ਮਾੜੀਆਂ ਉਚੀਆਂ ਹੁੰਦੀਆਂ ਰਹਿਣ

ਪਿਓ : ਤੇਰੇ ਇਸੇ ਤਰ੍ਹਾਂ ਮਰਦੇ ਰਹਿਣ... ਸਰਾਧ ਹੁੰਦੇ ਰਹਿਣ, ਗਰੀਬਾਂ ਦੀ ਚੁੰਝ ਹਰੀ ਹੁੰਦੀ ਰਹੇ।

ਪੁੱਤ : ਤੇਰੇ ਇਸੇ ਤਰ੍ਹਾਂ ਮਰਦੇ ਰਹਿਣ... ਤੇ... ਤਾਊ ਭੁੱਲ ਗਿਆ

ਪਿਓ : ਦੂਰ ਫਿੱਟੇ ਮੂੰਹ ਪੁੱਤ ਭੁਲੀਦਾ ਨਹੀਂ, ਗਰੀਬਾਂ ਦੀ ਚੁੰਝ ਹਰੀ ਹੁੰਦੀ ਰਹੇ

ਪੁੱਤ : ਚੁੰਝ ਹਰੀ ਹੁੰਦੀ ਰਹੇ

ਮਲਿਕ : ਓਏ ਬਕਵਾਸ ਬੰਦ ਕਰੋ।

ਪਿਓ : ਬਕਵਾਸ ਤਾਂ ਆਪੇ ਬੰਦ ਹੋ ਜਾਊ... ਜੇ ਸਾਡੇ ਮੂੰਹ ਵਿਚ ਮਾਲ ਪੂੜਾ ਅੜਾਏਂਗਾ ਤਾਂ

ਮਲਿਕ : ਓਏ ਹੁਣੇ ਮਾਲ ਪੂੜਾ ਅੜਦਾ ਚਲੋ ਬਾਹਰ

ਸਿਪਾਹੀ : ਓਏ ਹੁਣੇ ਮਾਲ ਪੂੜਾ ਅੜਦਾ ਚਲੋ ਬਾਹਰ

ਪਿਓ : ਚਲ ਪੁੱਤ ਬਾਹਰ ਚੱਲੀਏ।

ਪੁੱਤ : ਹਾਂ ਚਲ ਬਾਹਰ ਚੱਲੀਏ

ਇਕੱਠੇ : ਪਰ ਜਾਣਾ ਅਸੀਂ ਵੀ ਨਹੀਂ, ਬਾਹਰ ਬੈਠੇ ਹਾਂ, ਮਾਲ ਪੂੜੇ ਬਗੈਰ ਅਸਾਂ ਨਹੀਂ ਜਾਣਾ

*(ਮੰਚ ਤੋਂ ਦੋਨੋਂ ਬਾਹਰ ਆ ਜਾਂਦੇ ਹਨ।)*

ਮਲਿਕ : ਰਾਮ ਚੰਦ:

ਸਿਪਾਹੀ : ਜੀ ਜਨਾਬ

ਮਲਿਕ : ਮੈਂ ਤੈਨੂੰ ਨਾਨਕ ਤਪੇ ਨੂੰ ਬੁਲਾਉਣ ਲਈ ਭੇਜਿਆ ਸੀ, ਉਹ ਆਇਆ ਏ ਕਿ ਨਹੀਂ ?

ਸਿਪਾਹੀ : ਜਨਾਬ ਜਦੋਂ ਅਸੀਂ ਉਹਨੂੰ ਬੁਲਾਉਣ ਗਏ ਤਾਂ ਉਹ ਭਾਈ ਲਾਲੋ ਦੇ ਘਰ ਮੰਜੇ 'ਤੇ ਬੈਠਾ ਸੀ, ਮੈਂ ਪੁੱਛਿਆ ਨਾਨਕ ਤਪਾ ਤੁਹਾਨੂੰ ਹੀ ਕਹਿੰਦੇ ਨੇ, ਕਹਿੰਦਾ ਤਪੇ ਤੁਪੇ ਦਾ ਤਾਂ ਮੈਨੂੰ ਪਤਾ ਨਹੀਂ, ਹਾਂ ਨਾਨਕ ਜ਼ਰੂਰ ਕਹਿੰਦੇ ਨੇ। ਮੈਂ ਉਸ ਨੂੰ ਤੁਹਾਡਾ ਸੱਦਾ ਦਿੱਤਾ ਤਾਂ ਉਹਨੇ ਸਾਫ਼ ਇਨਕਾਰ ਕਰ ਦਿੱਤਾ।

ਮਲਿਕ : ਕੀ ਕਹਿਣ ਲੱਗਾ ?

ਸਿਪਾਹੀ : ਅਖੇ ਉਥੇ ਵੱਡੇ ਵੱਡੇ ਗੁਣੀ ਗਿਆਨੀ ਆਏ ਨੇ... ਮੈਂ ਜਾ ਕੇ ਕੀ ਕਰਾਂਗਾ।

ਮਲਿਕ : ਮਕਰ ਮਾਰਦਾ ਏ, ਜਦੋਂ ਦਾ ਉਹ ਇਸ ਇਲਾਕੇ ਵਿਚ ਆਇਆ, ਇਲਾਕੇ ਨੇ ਫਤੂਰ ਚੁਕਿਆ ਏ। ਉਹ ਹੀ ਲੋਕ ਜਿਹੜੇ ਮੇਰੀ ਪੈਰੀਂ ਪੈ ਕੇ, ਬ੍ਰਹਮ ਭੋਜ ਵਿਚ ਹਿੱਸਾ ਪਾਉਂਦੇ ਸਨ। ਉਹ ਹੁਣ ਅੱਖਾਂ ਵਿਖਾਉਂਦੇ ਨੇ ਤੇ ਇਹ ਸਾਰਾ ਕਸੂਰ ਇਸ ਨਾਨਕ ਤਪੇ ਦਾ ਹੈ ਬੜੇ ਬੜੇ ਫਕੀਰ ਆਏ ਉਹ ਹਮੇਸ਼ਾਂ ਪਹਿਲਾਂ ਮੇਰੀ ਹਵੇਲੀ ਵਿਚ ਆਉਂਦੇ ਸਨ ਪਰ ਇਹ ਇਕ ਐਸਾ ਫਕੀਰ ਆਇਆ ਏ, ਜਿੰਨੇ ਰੜੇ ਮੈਦਾਨ ਡੇਰਾ ਲਾਇਆ ਏ, ਨਾਲ ਇਕ ਮੁਸਲਮਾਨ, ਰਬਾਬੀ ਰਖਿਆ ਹੋਇਆ ਐ, ਪਤਾ ਨਹੀਂ ਕਿੰਨੀ ਮਿੱਠੀ ਆਵਾਜ਼ ਵਿਚ ਗਾਉਂਦਾ ਏ ਕਿ ਲੋਕ ਉਸ ਵੱਲ ਖਿੱਚੇ ਆਉਂਦੇ ਨੇ, ਸਾਡੀ ਕੋਈ ਪਰਵਾਹ ਨਹੀਂ ਕਰਦਾ। ਤੂੰ ਇੰਜ ਕਰ ਸਿਪਾਹੀਆਂ ਨੂੰ ਲੈ ਕੇ ਜਾ, ਸਿੱਧੀ ਤਰ੍ਹਾਂ

ਆ ਜਾਂਦੈ ਤਾਂ ਠੀਕ ਏ, ਨਹੀਂ ਤਾਂ ਜ਼ਬਰਦਸਤੀ ਲਿਆਇਆ ਜਾਵੇ। ਮੈਂ ਇਹ ਬਰਦਾਸ਼ਤ ਨਹੀਂ ਕਰ ਸਕਦਾ। ਕਿ ਮੇਰੇ ਇਲਾਕੇ ਵਿਚ ਕੋਈ ਮੇਰਾ ਹੀ ਕਹਿਣਾ ਨਾ ਮੰਨੇ, ਨਾਲੇ ਉਸ ਕਿਸਾਨ ਨੂੰ ਵੀ ਹਾਜ਼ਰ ਕਰੋ, ਜਿਹੜਾ ਬ੍ਰਹਮ ਭੋਜ ਵਿਚ ਹਿੱਸਾ ਪਾਉਣ ਤੋਂ ਇਨਕਾਰੀ ਹੈ।

ਸਿਪਾਹੀ : ਜੀ ਜਨਾਬ।

ਮਲਿਕ : (ਆਪਣੇ ਆਪ ਨਾਲ) ਲੋਕਾਂ ਦੇ ਘਰਾਂ ਵਿਚ ਦੋ ਦਾਣੇ ਕੀ ਆ ਜਾਣ ਤਾਂ ਅੱਖਾਂ ਵਿਖਾਉਣ ਲਗ ਪੈਂਦੇ ਨੇ।

*(ਸਿਪਾਹੀ ਕਿਸਾਨ ਨੂੰ ਲੈ ਕੇ ਆਉਂਦਾ ਹੈ। ਉਹ ਗੁਸਤਾਖਾਨਾ ਤਰੀਕੇ ਨਾਲ ਖਲੋ ਜਾਂਦਾ ਹੈ)*

ਸਿਪਾਹੀ : ਉਏ ਸਿੱਧਾ ਹੋ ਕੇ ਖਲੋ, ਪਤਾ ਨਹੀਂ ਮਲਕ ਸਾਹਿਬ ਖੜੇ ਨੇ।

ਮਲਿਕ : ਓਏ ਕੀ ਨਾਂ ਏ ਤੇਰਾ ?

ਕਿਸਾਨ : ਰਾਮ ਧਨ

ਮਲਿਕ : ਤੈਨੂੰ ਬੋਲਣ ਦੀ ਤਮੀਜ਼ ਨਹੀਂ। ਮਲਕ ਸਾਹਿਬ ਦੇ ਸਾਹਮਣੇ ਆਇਆਂ ਏ... ਨਾ ਸਿਰ ਝੁਕਾਇਆ , ਨਾ ਅਦਬ ਨਾਲ ਗੱਲ ਕੀਤੀ ਏ।

ਕਿਸਾਨ : ਮਲਿਕ ਸਾਹਿਬ, ਸਿਰ ਝੁਕਾਇਆ ਕੀ ਬਣਦੈ, ਜੇ ਕਿਸੇ ਦਾ ਮਨ ਹੀ ਨਾ ਝੁਕੇ।

ਮਲਿਕ : ਓਏ ਵੱਡੇ ਆਦਮੀਆ ਅੱਗੇ ਸਿਰ ਝੁਕਣੇ ਚਾਹੀਦੇ ਨੇ, ਮਨ ਭਾਵੇਂ ਝੁਕੇ ਨਾ ਝੁਕੇ।

ਕਿਸਾਨ : ਪਰ ਮੈਨੂੰ ਤਾਂ ਹੋਰ ਹੀ ਕੁਝ ਲਗਦਾ ਹੈ।

ਮਲਿਕ : ਤੈਨੂੰ ਕੀ ਲਗਦਾ ਹੈ।

ਕਿਸਾਨ : ਜਿਹੜਾ ਤੁਹਾਡੇ ਸਾਹਮਣੇ ਆਉਂਦਾ ਹੈ, ਉਹਦੇ ਮੋਢਿਆਂ ’ਤੇ ਉਹਦਾ ਸਿਰ ਹੀ ਨਹੀਂ ਹੁੰਦਾ।

ਮਲਿਕ : ਕਿਉਂ ਕਿਥੇ ਰਖ ਆਉਂਦਾ ਏਂ ਉਹ ਆਪਣਾ ਸਿਰ।

ਕਿਸਾਨ : ਉਹਦਾ ਸਿਰ ਤੁਹਾਡੀ ਤਲਵਾਰ ਦੇ ਡਰ ਨਾਲ ਪਹਿਲਾਂ ਹੀ ਝੜ ਗਿਆ ਹੁੰਦਾ ਹੈ, ਜਾਂ ਝੁਕ ਗਿਆ ਹੁੰਦਾ ਹੈ।

ਮਲਿਕ : ਓਏ ਵੱਡੇ ਆਦਮੀਆਂ ਅੱਗੇ ਸਿਰ ਏਸੇ ਤਰ੍ਹਾਂ ਹੀ ਝੁਕਦੇ ਨੇ । ਜੇ ਉਹ ਉਡੀਕਦਾ ਰਹੇ ਕਿ ਕੋਈ ਖ਼ੈਰ ਨਾਲ ਸਿਰ ਝੁਕਾਏ ਤਾਂ ਕੋਈ ਝੁਕਾਏ ਈ ਨਾ, ਤੂੰ ਇਹ ਦਸ ਬ੍ਰਹਮ ਭੋਜ ’ਚ ਹਿੱਸਾ ਪਾਉਣ ਤੋਂ ਕਿਉਂ ਇਨਕਾਰੀ ਏਂ ?

ਕਿਸਾਨ : ਹਿੱਸਾ ਕਿਥੋਂ ਪਾਈਏ। ਮੀਂਹ ਨਹੀਂ ਪਿਆ। ਸਾਡੇ ਆਪਣੇ ਘਰ ਦਾਣੇ ਨਹੀਂ।

ਮਲਿਕ : ਉਏ ਮੀਂਹ ਨਹੀਂ ਪਿਆ। ਤਾਂ ਏਸੇ ਲਈ ਤਾਂ ਬ੍ਰਹਮ ਭੋਜ ਕਰਵਾ ਰਹੇ ਹਾਂ ਤਾਂ ਜੋ ਦੇਵਤੇ ਖੁਸ਼ ਹੋਣ ਤਾਂ ਮੀਂਹ ਵਸਾਉਣ।

ਕਿਸਾਨ : ਜੇ ਸਾਡੇ ਘਰ ਦੇ ਹੀ ਦੇਵਤੇ ਰੋਂਦੇ ਰਹਿਣ ਤੇ ਅਸੀਂ ਬਾਹਰ ਦੇ ਦੇਵਤਿਆਂ ਨੂੰ ਖੁਸ਼ ਕਰ ਕੇ ਕੀ ਲੈਣਾ ?

ਮਲਿਕ : ਘਰ ਦੇ ਦੇਵਤੇ ਤਾਂ ਤੁਹਾਡੇ ਹਮੇਸ਼ਾਂ ਹੀ ਰੋਂਦੇ ਰਹਿਣਗੇ। ਰੋਂਦੇ ਹੀ ਜੰਮਦੇ ਹੋ, ਰੋਂਦੇ ਹੀ ਜੀਂਦੇ ਹੋ... ਤੁਸੀਂ ਰੋਂਦੇ ਮਰਦੇ ਹੋ, ਰੋਂਦੇ ਹੀ ਰਹਿੰਦੇ ਹੋ, ਰੋਂਦੇ ਹੀ ਰਹਿੰਦੇ ਹੋ।

ਕਿਸਾਨ : ਭੁੱਖਿਆਂ ਨੇ ਤਾਂ ਰੋਣਾ ਹੀ ਹੋਇਆ।

ਮਲਿਕ : ਮੈਂ ਚਾਹੁੰਦਾ ਨਹੀਂ ਸਾਂ ਕਿ ਅੱਜ ਦੇ ਦਿਨ ਕਿਸੇ ਨੂੰ ਕੁਝ ਆਖਾਂ, ਪਰ ਤੁਸੀਂ ਨੀਚ ਲੋਕ ਕਾਬੂ ਨਹੀਂ ਆਉਂਦੇ।

ਕਿਸਾਨ : ਮਲਿਕ ਸਾਹਿਬ ਅਸੀਂ ਨੀਚ ਨਹੀਂ। ਸਾਨੂੰ ਬਾਬੇ ਨਾਨਕ ਨੇ ਦੱਸ ਦਿੱਤਾ ਏ ਕਿ ਜਿਹੜਾ ਮਨੁੱਖ ਆਪਣੇ ਹੱਥੀਂ ਕਿਰਤ ਕਰਦਾ ਏ, ਉਹ ਨੀਚ ਨਹੀਂ, ਨੀਚ ਸਗੋਂ ਉਹ ਨੇ, ਜਿਹੜੇ ਦੂਜਿਆਂ ਦੀ ਕਮਾਈ ਖਾਂਦੇ ਨੇ।

ਮਲਿਕ : ਓਏ ਤੁਸੀਂ ਦਸਾਂ ਨਹੁੰਆਂ ਦੀ ਕਿਰਤ ਕਰਦੇ ਹੋ, ਜੇਠ ਹਾੜ ਦੀਆਂ ਧੁੱਪਾਂ ਵਿਚ ਸੜਦੇ ਹੋ, ਸਿਆਲ ਵਿਚ ਪਾਣੀ ਭਰਦੇ ਹੋ, ਫਿਰ ਵੀ ਤੁਸੀਂ ਭੁੱਖੇ ਮਰਦੇ ਹੋ। ਅਸੀਂ ਕੁਝ ਵੀ ਨਹੀਂ ਕਰਦੇ, ਫਿਰ ਵੀ ਰੱਜ ਕੇ ਖਾਨੇ ਆਂ, ਇਹ ਤਾਂ ਤੈਨੂੰ ਨਾਨਕ ਤਪੇ ਨਹੀਂ ਦਸਿਆ।

ਸਿਪਾਹੀ : ਮਲਿਕ ਸਾਹਿਬ, ਨਾਨਕ ਤਪੇ ਨੇ ਦਸਿਆ ਕੁਝ ਕਿ ਨਹੀਂ, ਮੈਨੂੰ ਹੁਕਮ ਕਰੋ ਕਿ ਮੈਂ ਇਹਨੂੰ ਦੀ ਦੱਸਾਂ ?

ਮਲਿਕ : ਓਏ ਇਹਨੂੰ ਲੈ ਜਾ-ਸਿਪਾਹੀਆਂ ਨੂੰ ਕਹੋ, ਇਹਨੂੰ ਦਰਖ਼ਤ ਨਾਲ ਪੁੱਠਾ ਟੰਗ ਦੇਣ... ਤਾਂ ਜੋ ਇਹਨੂੰ ਨੀਵੇਂ ਉਚੇ ਲੱਗਣ ਤੇ ਉਚੇ ਨੀਵੇਂ।

*(ਸਿਪਾਹੀ ਕਿਸਾਨ ਨੂੰ ਖਿਚਦਾ ਹੈ ਤੇ ਲੈ ਜਾਂਦਾ ਹੈ। ਕਿਸਾਨ ਇਹ ਕਹਿੰਦਾ ਹੈ..)*

ਕਿਸਾਨ : ਮਲਿਕ ਸਾਹਿਬ ਤੁਸੀਂ ਸੱਚ ਦੀ ਆਵਾਜ਼ ਨੂੰ ਨਹੀਂ ਦਬਾ ਸਕਦੇ...

ਮਲਿਕ : (ਕਿਸਾਨ ਦੇ ਜਾਣ ਤੋਂ ਬਾਅਦ) ਹੂੰ ਸੱਚ ਦੀ ਆਵਾਜ਼ ਦਬਾ ਨਹੀਂ ਸਕਦੇ, ਓਏ ਜਿਨਾਂ ਹਕੂਮਤਾਂ ਕਰਨੀਆਂ ਨੇ, ਉਹ ਹਰ ਇਕ ਆਵਾਜ਼ ਨੂੰ ਦਬਾਉਣਾ ਜਾਣਦੇ ਨੇ।

*(ਮੰਚ ਤੇ ਦੋਨਾਂ ਡੂੰਮਾਂ ਦੀ ਆਵਾਜ਼ ਆਉਂਦੀ ਹੈ-ਪੁੱਤ ਆਉਂਦਾ*

ਏ)

ਪੁੱਤ : ਦੇਖ ਜਜਮਾਨਾਂ ਤੇਰੇ ਸਿਪਾਹੀਆਂ ਨੇ ਕੁੱਟ ਕੁੱਟ ਕੇ ਮੇਰੇ ਤਾਊ ਦੇ ਜੋੜ ਹਿਲਾ ਦਿੱਤੇ ਨੇ।

ਮਲਿਕ : ਕਿਉਂ ?

ਪੁੱਤਰ : (ਆਵਾਜ਼ ਦੇ ਕੇ) ਉਏ ਤਾਊ-ਦੱਸ ਆ ਕੇ ਮਲਿਕ ਸਾਹਿਬ ਨੂੰ।

ਪਿਓ : (ਆ ਕੇ) ਹਾਏ... ਦੇਖ ਤੇਰੇ ਸਿਪਾਹੀਆਂ ਨੇ ਮਾਰ ਮਾਰ ਕੇ ਮੇਰਾ ਕੀ ਹਾਲ ਕੀਤਾ।

ਮਲਿਕ : ਕਿਉਂ ਮਾਰਿਆ ਐ ?

ਪੁੱਤ : ਉਹ ਕਹਿੰਦੇ ਨੇ... ਹਮ ਸਰਕਾਰ ਕੇ ਨੌਕਰ ਹੈਂ ਤੇ ਕੁੱਟਨਾ ਹਮਾਰਾ ਫਰਜ਼ ਹੈ।

ਪਿਓ : ਕਿਉਂ ਜਜਮਾਨਾਂ ਤੂੰ ਆਪਣੇ ਸਿਪਾਹੀਆਂ ਨੂੰ ਇਸੇ ਕੰਮ ਲਈ ਰੱਖਿਆਏ ?

ਮਲਿਕ : ਓਏ ! ਰਾਮ ਚੰਦ

ਸਿਪਾਹੀ : ਆ ਕੇ, ਜੀ ਜਨਾਬ।

ਪਿਓ : ਦੱਸ, ਜੀ ਜਨਾਬ ਦਿਆ ਬੱਚਿਆ। ਮਲਿਕ ਸਾਹਿਬ ਨੂੰ ਅੱਗੇ ਹੋ ਕੇ।

ਸਿਪਾਹੀ : ਜਨਾਬ ਜਦੋਂ ਅਸੀਂ ਨਾਨਕ ਤਪੇ ਨੂੰ ਲੈਣ ਗਏ ਸੀ ਤਾਂ ਇਹ ਦੋਵੇਂ ਉਥੇ ਅਵਾ-ਤਵਾ ਬੋਲ ਰਹੇ ਸੀ।

ਮਲਿਕ : ਕੀ ਅਵਾ ਤਵਾ ਬੋਲਦੇ ਸੀ ?

ਪਿਓ : ਤੁਹਾਡੇ ਸਿਪਾਹੀ ਨਾਨਕ ਤਪੇ ਨੂੰ ਕਹਿਣ ਕਿ ਮਲਿਕ ਸਾਹਿਬ ਦਾ ਸੱਦਾ ਏ। ਉਹ ਕਹਿਣ ਲੱਗਾ ਕਿ ਮੇਰਾ ਭੋਜਨ ਤਾਂ ਭਾਈ ਲਾਲੋ ਦੇ ਘਰ ਏ.. ਮੈਂ ਨਹੀਂ ਜਾਣਾ। ਇਹ ਕਹਿਣ ਲਗੇ ਤੈਨੂੰ ਜਾਣਾ ਹੀ ਪਵੇਗਾ ਜੇ ਨਹੀਂ ਜਾਵੇਂਗਾ ਤਾਂ ਦੂਸਰੀ ਤਰ੍ਹਾਂ ਲੈ ਜਾਵਾਂਗੇ। ਉਹ ਕਹੇ ਕਿ ਮੈਂ ਨਹੀਂ ਜਾਣਾਂ। ਇਹ ਕਹਿਣ ਅਸੀਂ ਲੈ ਕੇ ਜਾਣਾ। ਉਥੇ ਪੈ ਗਿਆ ਝਗੜਾ। ਅਸੀਂ ਝਗੜਾ ਮਕਾਉਣ ਲਈ ਕਿਹਾ ਕਿ ਜੇ ਇਹ ਨਹੀਂ ਜਾਂਦਾ ਤਾਂ ਸਾਨੂੰ ਲੈ ਜਾਓ।

ਪੁੱਤ : ਹੁਣ ਤੁਸੀਂ ਦੋਸ ਇਸ ਵਿਚ ਅਵਾ ਤਵਾ ਕੀ ਏ।

ਪਿਓ : ਉਹਨੂੰ ਤਾਂ ਆਵਾਜ ਮਾਰ ਕੇ ਖਵਾਉਂਦੇ ਨੇ, ਜਿਵੇਂ ਇਹਨਾਂ ਦੀ ਮਾਂ ਦਾ ਜਾਇਆ ਹੋਵੇ-ਹਾਏ... ਸਾਨੂੰ ਮਾਰਦੇ ਨੇ।

ਪੁੱਤਰ : ਇਨਾਂ ਨੂੰ ਸਮਝਾ ਲੈ ਕਿ ਗਰੀਬ ਦਾ ਖਵਾਇਆ ਤੇ ਸਾਧ ਦਾ ਖਵਾਇਆ ਇਕ ਬਰਾਬਰ ਹੁੰਦਾ ਹੈ।

ਪਿਓ : ਹਾਂ ਸਮਝਾ ਦੇ ਆਪਣੇ ਰਾਮ ਚੰਦ ਨੂੰ।

ਮਲਿਕ : ਓਏ ਮੈਂ ਇਹਨੂੰ ਕੀ ਸਮਝਾਵਾਂ... ਮੈਂ ਹੀ ਤਾਂ ਇਹਨੂੰ ਬੁਲਾਉਣ ਲਈ ਭੇਜਿਆ ਸੀ।

ਪਿਓ : ਤੂੰ ਕੋਈ ਮੂਰਖ ਏਂ ਜੋ ਇਹੋ ਜਿਹਾ ਹੁਕਮ ਦੇਵੇਂ ?

ਮਲਿਕ : ਓਏ ਕੀ ਰੌਲੀ ਪਾਈ ਜੇ।

ਪਿਓ : ਲੈ ਅਸੀਂ ਕੀ ਰੌਲੀ ਪਾਉਣੀ ਏ। ਰੌਲੀ ਪੈਂਦੀ ਵੇਖਣੀ ਏ ਤਾਂ ਉਥੇ ਜਾ ਕੇ ਵੇਖ।

ਮਲਿਕ : ਕਾਹਦੀ ਰੌਲੀ।

ਪੁੱਤ : ਰੌਲੀ ਤੇ ਪੈਣੀ ਹੋਈ ਜੇ ਕੋਈ ਆਖੇ ਕਿ ਮਾਲ ਪੂੜੇ 'ਚ ਕੁਝ ਨਹੀਂ ਪਿਆ ਤੇ ਕੋਧੇ ਦੀ ਰੋਟੀ 'ਚ ਬਾਹਲਾ ਬੱਲ ਏ। ਰੌਲੀ ਤਾਂ ਪੈਣੀ ਹੋਈ।

ਪਿਓ : ਨਾ ਤੂੰ ਕਦੇ ਮਾਲ ਪੂੜਾ ਖਾ ਕੇ ਵੇਖਿਆ ?

ਪੁੱਤ : ਲੈ ਦੇਣ ਲਗੇ ਨੇ ਮਲਿਕ ਸਾਹਿਬ।

ਪਿਓ : ਆਹੋ ਮੈਨੂੰ ਤੇ ਮਿਲ ਗਏ ਨੇ ਹੁਣ ਤੇਰੀ ਵਾਰੀ ਏ।

ਮਲਿਕ : ਓਏ ਮਿਲ ਜਾਂਦਾ ਏ, ਕਿਉਂ ਲਾ ਲਾ ਕੇ ਗੱਲਾਂ ਕਰਦੇ ਓ।

ਪਿਓ : ਉਹ ਗੱਲ ਹੀ ਕੀ ਹੋਈ ਜਿਹੜੀ ਲਗੇ ਨਾ।

ਮਲਿਕ : ਅੱਛਾ ਦੋਨੇ ਆਂ, ਰਾਮਚੰਦ ਉਸ ਕਿਸਾਨ ਨੂੰ ਦੇਖ ਹੋਸ਼ ਆਇਆ ਕਿ ਨਹੀਂ, ਮੈਂ ਇਧਰ ਦਾ ਪੂਰਾ ਬੰਦੋਬਸਤ ਦੇਖਦਾਂ।

ਪਿਓ : ਅਸੀਂ ਬਹਿਆ ਹੀ ਖਾ ਕੇ ਇਲਾਕੇ 'ਚ ਤੇਰਾ ਜੱਸ ਗਾਵਾਂਗੇ।

ਮਲਿਕ : ਓਏ ਤੁਹਾਨੂੰ ਬਹਿਆ ਦੇ ਕੇ, ਇਲਾਕੇ 'ਚ ਆਪਣੀ ਬਿਜ਼ਤੀ ਕਰਾਉਣੀ ਏ ? ਕਹਿੰਦੇ ਨੇ ਜੇ ਇਲਾਕੇ 'ਚ ਦਫ਼ਾ ਪਟਾਉਣੀ ਹੋਵੇ ਤਾਂ ਤੁਹਾਨੂੰ ਬਹਿਆ ਦੇ ਦਿਓ।

ਪਿਓ : ਅਸਾਂ ਕਿਹੜਾ ਤੈਨੂੰ ਪੰਡਤਾਂ ਪਰੋਹਤਾਂ ਵਰਗਾ ਸਰਾਪ ਦੇਣਾ।

ਮਲਿਕ : ਓਏ ਸਰਾਪ ਨਹੀਂ ਦਿਓਗੇ ਪਰ ਘਰ-ਘਰ ਭੰਡੋਗੇ ਨਹੀਂ ?

ਪੁੱਤ : ਉਹ ਤਾਂ ਭੰਡਾਂਗੇ।

ਪਿਓ : ਦੂਰ ਫਿੱਟੇ ਮੂੰਹ ਤੇਰਾ। ਇੱਡੇ ਵੱਡੇ ਸ਼ਾਹ ਨੂੰ ਭੰਡ ਸਕਦੇ ਹਾਂ। ਹਾਂ ਹਾਂ ਹਰ ਘਰ ਜਾ ਕੇ ਏਨਾਂ ਜ਼ਰੂਰ ਕਹਾਂਗੇ ਕਿ ਵੱਡੇ ਸ਼ਾਹ ਨੇ ਬਹਿਆ ਦਿੱਤਾ।

ਪੁੱਤਰ : ਚੱਲ ਜੇ ਏਨਾਂ ਹੀ ਡਰ ਲਗਦਾ ਤੇ ਸੱਜਰਾ ਦੇ ਦੇ।

ਮਲਿਕ : ਓਏ ਮਿਲਦਾ ਏ ਬੈਜੋ। ਤੁਸੀਂ ਤਾਂ ਮਗਰ ਹੀ ਪੈ ਗਏ ਹੋ।

*(ਮਲਿਕ ਜਦੋਂ ਜਾਂਦਾ ਹੈ ਤੇ ਮੁੜਦਾ ਹੀ ਹੈ। ਵੱਡਾ ਡੂੰਮ ਕਹਿੰਦਾ ਏ, ਦੂਰ ਫਿਟੇ ਮੂੰਹ ਤੇਰਾ, ਮਲਿਕ ਫਿਰ ਮੁੜਦਾ ਹੈ। ਵੱਡਾ ਡੂਮ ਫੱਟ ਮੁੜ ਕੇ ਇਸ ਤਰ੍ਹਾਂ ਹਰਕਤ ਕਰਦਾ ਹੈ। ਜਿਸ ਤਰ੍ਹਾਂ ਉਹ ਆਪਣੇ ਮੁੰਡੇ ਨੂੰ ਇਹ ਗਲ ਕਹਿ ਰਿਹਾ ਹੈ। ਇਸ ਤਰ੍ਹਾਂ ਦੋ ਵਾਰੀ*

*ਹੁੰਦਾ ਹੈ ਅਖੀਰ ਮਲਿਕ ਖਿਝ ਕੇ ਚਲਾ ਜਾਂਦਾ ਹੈ।)*

ਪਿਓ : (ਮਲਿਕ ਦੇ ਜਾਣ ਤੋਂ ਬਾਅਦ) ਲੈ ਇਹਨੂੰ ਫਿਟੇ ਮੂੰਹ ਕੀ ਕਹਿਣਾ ਸੀ। ਇਹਦਾ ਮੂੰਹ ਤਾਂ ਪਹਿਲਾਂ ਹੀ ਫਿਟਕਿਆ ਹੋਇਆ ਹੈ।

ਪੁੱਤ : ਤੂੰਹੀਓ ਕਹਿੰਦਾ ਸੀ ਚਲ ਉਚੀਆਂ ਹਵੇਲੀਆਂ ਲੈ ਲੈ।

ਪਿਓ : ਮੈਂ ਕਦੋਂ ਕਹਿੰਦਾ ਸੀ, ਤੇਰੀ ਹੀ ਜੀਭ ਮੂਤਰ ਦੀ ਸੀ

ਪੁੱਤ : ਮੇਰੀ ਕਦੋਂ ਤੇਰੀ ਹੀ ਮੂਤਰ ਦੀ ਸੀ।

*(ਮੰਚ 'ਤੇ ਸਿਪਾਹੀ ਕਿਸਾਨ ਨੂੰ ਮਾਰਦਾ ਹੈ ਤੇ ਫਿਰ ਕਹਿੰਦਾ ਏ, ਏਨੇ ਹਿੱਸਾ ਨਹੀਂ ਪਾਉਣਾ)*

ਪੁੱਤ : ਕਿਉਂ ਮਾਰਨਾ ਏ, ਜਜਮਾਨਾ ਗਰੀਬ ਨੂੰ।

ਪਿਓ : ਤੈਨੂੰ ਵੱਡੇ ਜਜਮਾਨਾਂ ਨੇ ਇਸ ਕੰਮ ਲਈ ਰਖਿਆ-ਪਹਿਲੋਂ ਮੇਰੀਆਂ ਹੱਡੀਆਂ ਭੰਨੀਆਂ।ਹੁਣ ਇਹਦੇ ਦੁਆਲੇ ਹੋਇਆ ਏਂ-ਕੀ ਖੁਆਰੀ ਖੁਨਾਮੀ ਹੋਈ ਏ ਇਹਦੇ ਕੋਲੋਂ।

ਸਿਪਾਹੀ : ਇਹਦੇ ਕੋਲੋਂ ਪੁੱਛ।

ਪਿਓ : ਇਹਦੇ ਕੋਲੋਂ ਕੀ ਪੁੱਛਾਂ, ਜੁੱਤੀ ਤਾਂ ਤੇਰੇ ਹੱਥ ਫੜੀ ਹੋਈ ਏ।

ਸਿਪਾਹੀ : ਮਲਕ ਸਾਹਿਬ ਨੇ ਬ੍ਰਹਮ ਭੋਜ ਰਚਾਇਆ ਏ। ਇਹ ਕਹਿੰਦਾ ਏ, ਇਹਨੇ ਹਿੱਸਾ ਨਹੀਂ ਪਾਉਣਾ।

ਪੁੱਤ : ਇਹਦੇ ਕੋਲ ਹੋਣਾ ਨਹੀਂ।

ਸਿਪਾਹੀ : ਉਹ ਜੇ ਨਹੀਂ ਸੀ ਤਾਂ ਹੱਥ ਜੋੜ ਕੇ ਮਾਫ਼ੀ ਮੰਗ ਲੈਂਦਾ, ਅੱਗੋਂ ਆਕੜਦਾ ਏ।

ਪੁੱਤ : ਮੈਂ ਤੇਰੇ ਕੋਲੋਂ ਇਕ ਗੱਲ ਪੁੱਛਾਂ ?

ਸਿਪਾਹੀ : ਪੁੱਛ।

ਪੁੱਤ : ਮਲਿਕ ਸਾਹਿਬ ਦਾ ਤਾਂ ਮਰ ਗਿਆ ਪਿਓ। ਉਹ ਜੰਮ ਜੰਮ ਸਰਾਧ ਕਰੇ, ਇਸ ਗਰੀਬ ਦਾ ਵੀ ਪਿਓ ਮਰ ਗਿਆ ਏ, ਇਸ ਗਰੀਬ ਦਾ ਵੀ ਪਿਓ ਮਰ ਗਿਆ ਏ, ਜਿਹੜਾ ਇਹ ਹਿੱਸਾ ਪਾਵੇ ?

ਸਿਪਾਹੀ : ਉਏ ਨਗਰ ਦੇ ਕਿਸੇ ਵੱਡੇ ਆਦਮੀ ਦਾ ਪਿਓ ਮਰ ਗਿਆ ਤਾਂ ਸਮਝੋ ਸਾਰਿਆਂ ਦਾ ਪਿਓ ਮਰ ਗਿਆ।

ਪਿਓ : ਆਹੋ ਜੇ ਨਹੀਂ ਮਰਿਆ ਤਾਂ ਕੁੱਟ-ਕੁੱਟ ਮਾਰ ਦਿਓ। ਹਿੱਸਾ ਤਾਂ ਪਾਉਣਾ ਹੋਇਆ ਨਾ। ਹਲਾ ਹੁਣ ਹੋਰ ਨਾ ਮਾਰ।

ਸਿਪਾਹੀ : ਇਹਨੂੰ ਸਮਝਾ ਦਿਓ।

ਪੁੱਤ : ਇਹਨੂੰ ਅਸੀਂ ਸਮਝਾ ਦਿੰਦੇ ਆਂ, ਤੂੰ ਸਾਡੀ ਗੱਲ ਸਮਝਾ ਲੈਂ ਤੇ ਇਕ ਮਾਲ ਪੂੜਾ ਲਿਆ ਦੇ।(ਸਿਪਾਹੀ ਮੰਚ ਤੋਂ ਜਾਂਦਾ ਹੈ) (ਪਿਛੋਂ ਉਚੀ

ਆਵਾਜ਼) ਮੈਂ ਕਿਹਾ ਜੁੱਤੀ ਵਾਲੇ ਹੱਥ ਧੋ ਕੇ ਲਾਵੀਂ।

ਪਿਓ : ਇਧਰ ਆ ਓ ਕਮਲਿਆ, ਤੈਨੂੰ ਇਕ ਗੱਲ ਦੱਸਾਂ, ਵੱਡੇ ਬੰਦਿਆਂ ਅੱਗੇ ਆਕੜੀਦਾ ਨਹੀਂ।

ਪੁੱਤ : ਵੱਡੇ ਬੰਦਿਆਂ ਨੂੰ ਫੂਕ ਦੇਣੀ ਚਾਹੀਦੀ ਏ।

ਪਿਓ : ਉਹਨਾਂ ਨੂੰ ਫੂਕ ਦੇ ਦੇਈਏ ਨਾ ਤਾਂ ਉਹ ਤਾਂਹ ਦੇ ਤਾਂਹ ਹੀ ਚੜ੍ਹ ਜਾਂਦੇ ਨੇ।

ਪੁੱਤ : ਤੇ ਥੋੜ੍ਹੀ ਜਿਹੀ ਹੋਰ ਫੂਕ ਦੇ ਦੇਈਏ ਨਾ ਤਾਂ ਉਹ ਥਾਂ ਹੀ ਫੂਕੇ ਜਾਂਦੇ ਨੇ।

ਪਿਓ : ਹੁਣ ਵੀ ਆਏ ਤਾਂ ਕਹਿ ਦੇਵੀਂ ਕਿ ਤੇਰੇ ਮਹਿਲ ਮਾੜੀਆਂ ਵਸਦੀਆਂ ਰਹਿਣ, ਤੇਰੇ ਦੋਹਤੇ ਪੋਤੇ ਜੀਂਦੇ ਰਹਿਣ। ਭਾਵੇਂ ਨਾ ਹੀ ਜੀਣ, ਤੇਰੀ ਕਿਹੜੀ ਜ਼ਬਾਨ ਘੱਸ ਚੱਲੀ ਏ।

ਪੁੱਤ : ਜੇ ਨਾ ਬੋਲਣਾ ਆਵੇ ਤਾਂ - ਮੇਰੇ ਤਾਓ ਦੇ ਪਿਛੇ-ਪਿਛੇ ਕਵੈਤ ਪੜ੍ਹਦਾ ਜਾਈਂ। (ਮੰਚ ਤੇ ਮਲਿਕ ਆਉਂਦਾ)

ਪਿਓ : ਤੇਰੇ ਦੋਹਤੇ ਪੋਤੇ ਜੀਂਦੇ ਰਹਿਣ ਕਹਿ ਦੇ (ਕਿਸਾਨ ਨੂੰ)

ਪੁੱਤ : ਤੇਰੀਆਂ ਮੁੱਛਾਂ 'ਚ ਵਾਧਾ ਹੋਵੇ (ਕਿਸਾਨ ਨੂੰ) ਕਹਿ ਦੇ।

ਪਿਓ : ਤੇਰੀਆਂ ਗੋਗੜਾਂ ਨੂੰ ਭਾਗ ਲੱਗੇ ਰਹਿਣ, ਕਹਿ ਦੇ (ਕਿਸਾਨ ਨੂੰ)

*(ਪਰ ਕਿਸਾਨ ਆਕੜ ਕੇ ਖਲੋਤਾ ਰਹਿੰਦਾ ਹੈ)*

ਮਲਿਕ : (ਡੂੰਮਾਂ ਨੂੰ) ਉਏ ਬਹਿ ਜਾਓ-ਬਹਿ ਜਾਓ।

ਪਿਓ : ਉਏ ਆ ਜਾ ਬਹਿ ਜਾ, ਜੇ ਵੱਡੀ ਸਰਕਾਰ ਕਵੇ ਨਾ ਬਹਿ ਜੋ, ਤਾਂ ਬਹਿ ਜਾਓ, ਜੇ ਵੱਡੀ ਸਰਕਾਰ ਕਹੇ ਖਲੋ ਜਾਓ ਤਾਂ ਖਲੋ ਜੋ।

ਪੁੱਤ : ਜੇ ਵੱਡੀ ਸਰਕਾਰ ਕਵੇ ਕਿ ਭੁੱਖੇ ਮਰ ਜੋ

ਪਿਓ : ਫੇਰ ਮਰ ਜਾਓ।

ਪੁੱਤ : ਮੈਂ ਕਿਉਂ ਮਰਾਂ। ਤੂੰ ਮਰ ਜਾ।

ਪਿਓ : ਮੈਂ ਕਿਉਂ ਮਰਾਂ। ਤੂੰ ਮਰ ਜਾ।

ਪੁੱਤ : ਤੂੰ ਮਰ ਜਾ ਤੂੰ - ਤੇ ਨਾਲੇ ਤੂੰ ਮਰ ਗਿਆ ਤਾਂ ਕਿਹੜੀ ਮਸਿਆ ਲਗਣੋਂ ਹਟ ਜਾਣੀ ਏ।

ਪਿਓ : ਬਹਿ ਜਾ, ਹਰ ਵੇਲੇ ਝੇੜਾਂ ਹੀ ਕਰਦਾ ਰਹਿਨਾ ਏਂ। (ਬਹਿ ਜਾਂਦੇ ਨੇ)

ਮਲਿਕ : (ਕਿਸਾਨ ਨੂੰ) ਕਿਉਂ ਆਈ ਹੋਸ਼, ਮੈਂ ਨਹੀਂ ਚਾਹੁੰਦਾ ਕਿ ਅੱਜ ਦੇ ਦਿਨ ਕਿਸੇ ਨੂੰ ਕੁਝ ਆਖਾਂ-ਪਰ ਤੁਸੀਂ ਜੁੱਤੀਆਂ ਦੇ ਹੀ ਯਾਰ ਹੋ।

ਪਿਓ : ਤੂੰ ਭਾਲਦਾ ਸੀ ਮਾਲ ਪੂੜੇ (ਉਠਦੇ ਨੇ)

ਪੁੱਤ : ਇਥੇ ਤਾਂ ਜੁੱਤੀਆਂ ਦੀਆਂ ਗੱਲਾਂ ਸ਼ੁਰੂ ਹੋ ਗਈਆਂ।

ਪਿਓ : ਅੱਗੇ ਮੇਰੇ ਮੌਰ ਭੰਨ ਗਏ ਨੇ ਹੁਣ ਸਿਰ ਵੀ ਗੰਜਾ ਹੋਣੈ, ਲੈ ਚੱਲ

ਇਥੋਂ ਮੈਨੂੰ।

ਪੁੱਤ : ਚੱਲੋ ਵੇ ਜੀਆ ਉਥੇ ਚੱਲੀਏ, ਜਿਥੇ ਵਸਦੇ ਕਾਣੇ, ਨਾ ਕੋਈ ਸਾਡੀ ਜਾਤ ਪਛਾਣੇ ਨਾ ਕੋਈ ਸਾਨੂੰ ਜਾਣੇ।

ਪਿਓ : ਆਪਣੇ ਢਿੱਡਾਂ ਤੇ ਲੇਪ ਕਰੀ ਜਾਣਗੇ।

ਪੁੱਤ : ਚੰਗਾ ਹੋਇਆ ਇਹਦਾ ਦਿੱਤਾ ਨਹੀਂ ਖਾਧਾ, ਨਹੀਂ ਤਾਂ ਫਿਰ ਪੀੜ ਹੀ ਹੋਣੀ ਸੀ।

ਪਿਓ : ਬੜਾ ਸ਼ਾਹ ਬਣਿਆ ਸੀ, ਪਰ ਇਹ ਤਾਂ ਨਿਕਲਿਆ ਨਿਰਾ ਸੂਮ ਦਾ ਸਾਂਢੂ।

ਪੁੱਤ : (ਜਾਂਦਾ ਹੋਇਆ) ਜੇ ਤੇਰੇ ਘਰ ਭੁੱਖ ਵਰਤ ਜਾਵੇ ਤਾਂ ਆ ਜਾਈਂ ਸਾਡੇ ਡੇਰੇ, ਟੁੱਕੜ ਅਸੀਂ ਤੈਨੂੰ ਪਾ ਦਿਆਂਗੇ। (ਚਲੇ ਜਾਂਦੇ ਨੇ)

ਮਲਿਕ : ਇਹ ਬ੍ਰਹਮ ਭੋਜ ਕੀ ਹੋਇਆ ਮੁਸੀਬਤ ਹੋ ਗਈ। ਇਕ ਉਹ ਨਾਨਕ ਤਪਾ ਨਹੀਂ ਆ ਰਿਹਾ। ਇਕ ਇਹ ਆਕੜ ਕੇ ਖੜ੍ਹਾ ਹੈ। ਇਕ ਇਹ ਡੂਮ ਲਾ ਲਾ ਕੇ ਗੱਲਾਂ ਕਰਦੇ ਨੇ, ਇਹ ਡੂਮ ਐਸੇ ਨੇ ਇਨਾਂ ਨੂੰ ਕੁਝ ਕਹੀਏ ਤਾਂ ਵੀ ਮਾੜੇ – ਜੇ ਨਾ ਕਹੀਏ ਤਾਂ ਵੀ ਮਾੜੇ– ਰਾਮ ਚੰਦ ਦੇਖ ਨਾਨਕ ਤਪਾ ਆਇਆ ਕਿ ਨਹੀਂ। (ਸਿਪਾਹੀ ਚਲਾ ਜਾਂਦਾ ਹੈ)

*(ਮੰਚ ਦੇ ਪਿਛੋਂ ਆਵਾਜ਼ – ਨਾਨਕ ਤਪਾ ਆ ਗਿਆ ਹਜ਼ੂਰ)*

ਮਲਿਕ : ਆ ਗਿਆ ਨਾ, ਅਸੀਂ ਬੁਲਾਈਏ ਤੇ ਉਹ ਨਾ ਆਵੇ।

*(ਪਿਛੋਂ ਆਵਾਜ਼। ਉਹ ਸਿੱਧਾ ਰਸੋਈ ਖਾਨੇ ਵਿਚ ਚਲਾ ਗਿਆ ਏ।)*

*(ਮਲਿਕ ਸਿੱਧਾ ਰਸੋਈ ਖਾਨੇ ਵਿਚ ਚਲਾ ਗਿਆ।)*

*(ਪਿਛੋਂ ਆਵਾਜ਼; ਉਹ ਕਹਿੰਦਾ ਮੈਂ ਭੋਜਨ ਪਕਦਾ ਵੇਖਣਾ ਏ।)*

ਮਲਿਕ : ਉਹ ਕੌਣ ਹੁੰਦਾ ਏ ਵੇਖਣ ਵਾਲਾ।

*(ਪਿਛੋਂ ਆਵਾਜ਼ – ਉਹ ਕਹਿੰਦਾ ਏ ਉਹ ਖਾਣਾ ਖਾਣ ਦੇ ਕਾਬਲ ਨਹੀਂ।)*

ਮਲਿਕ : ਉਹ ਕੌਣ ਏ ਕਹਿਣ ਵਾਲਾ।

*(ਪਿਛੋਂ ਆਵਾਜ਼ – ਹੈ ਮਾਲ ਪੂੜੇ ਵਿਚੋਂ ਲਹੂ ਤੇ ਕੋਧਰੇ ਦੀ ਰੋਟੀ 'ਚੋਂ ਦੁੱਧ)*

*(ਸਿਪਾਹੀ ਘਬਰਾਇਆ ਹੋਇਆ ਮੰਚ 'ਤੇ ਆਉਂਦਾ ਹੈ।)*

ਮਲਿਕ : ਕੀ ਹੋਇਆ ਰਾਮ ਚੰਦ ?

ਸਿਪਾਹੀ : ਜਨਾਬ ਨਾਨਕ ਤਪੇ ਨੇ ਸਾਡੇ ਮਾਲ ਪੂੜੇ 'ਚੋਂ ਲਹੂ ਤੇ ਲਾਲੋ ਦੀ ਕੋਧਰੇ ਦੀ ਰੋਟੀ 'ਚੋਂ ਦੁੱਧ ਕੱਢ ਦਿੱਤਾ ਏ।

ਮਲਿਕ : ਲਹੂ-(ਕਿਸਾਨ ਦੇ ਲਹੂ ਨਾਲ ਮੇਲਦੇ ਹੋਏ) ਰਾਮ ਚੰਦ ਇਸ ਲਹੂ ਦਾ ਰੰਗ ਇਸ ਲਹੂ ਨਾਲ ਕਿਉਂ ਮਿਲਦਾ ਏ ?

ਕਿਸਾਨ : ਮੈਂ ਦਸਦਾ ਵਾਂ ਮਲਿਕ ਸਾਹਿਬ ਕਿ ਇਸ ਲਹੂ ਦਾ ਰੰਗ, ਇਸ ਲਹੂ ਨਾਲ ਕਿਉਂ ਮਿਲਦਾ ਹੈ। ਕਿਉਂਕਿ ਇਹ ਲਹੂ ਸਾਡਾ ਹੈ। ਜਦੋਂ ਅਸੀਂ ਜੇਠ ਹਾੜ ਦੀਆਂ ਕੜਕਦੀਆਂ ਧੁੱਪਾਂ ਵਿਚ ਖੇਤਾਂ ਵਿਚ ਕੰਮ ਕਰ ਰਹੇ ਹੁੰਦੇ ਹਾਂ ਤਾਂ ਸਾਡਾ ਲਹੂ ਪਸੀਨਾ ਬਣ ਕੇ ਇਸ ਧਰਤੀ 'ਤੇ ਡਿੱਗਦਾ ਹੈ ਤੇ ਜਿਹੜਾ ਅਨਾਜ ਉਸ ਧਰਤੀ ਤੋਂ ਪੈਦਾ ਹੁੰਦਾ ਹੈ, ਉਸ ਵਿਚ ਸਾਡਾ ਹੀ ਲਹੂ ਹੁੰਦਾ ਹੈ।

ਜੇਕਰ ਉਹ ਅਨਾਜ ਅਸੀਂ ਆਪਣੀ ਮਰਜ਼ੀ ਨਾਲ ਕਿਸੇ ਨੂੰ ਦੇ ਦਈਏ ਤਾਂ ਉਸ ਵਿਚੋਂ ਦੁੱਧ ਨਿਕਲਦਾ ਏ, ਪਰ ਉਹ ਜਦੋਂ ਉਹ ਤੁਹਾਡੇ ਜਾਲਮ ਅਹਿਲਕਾਰ ਸਾਡੇ ਕੋਲੋਂ ਜ਼ਬਰਦਸਤੀ ਖੋਹ ਕੇ ਲੈ ਜਾਂਦੇ ਨੇ ਤਾਂ ਉਸ ਵਿਚੋਂ ਲਹੂ ਨਿਕਲਦਾ ਹੈ। ਇਸ ਲਈ ਇਸ ਲਹੂ ਦਾ ਰੰਗ ਸਾਡੇ ਲਹੂ ਨਾਲ ਮਿਲਦਾ ਹੈ।